ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ।
**(S.S.S. Board, Punjab)**
ਵਣ ਕੰਪਲੈਕਸ, ਸੈਕਟਰ-68, ਐਸ.ਏ.ਐਸ.ਨਗਰ(ਮੋਹਾਲੀ)

## ਜਨਤਕ ਸੂਚਨਾ

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵਲੋਂ ਇਸ਼ਤਿਹਾਰ ਨੰ: 01 ਆਫ 2016 ਰਾਹੀਂ ਆਬਕਾਰੀ ਤੇ ਕਰ ਨਿਰੀਖਕ ਅਤੇ ਚੋਣ ਕਾਨੂੰਗੋ ਦੀਆਂ ਆਸਾਮੀਆਂ ਤੇ ਭਰਤੀ ਕਰਨ ਲਈ ਮਿਤੀ 08.04.2018 ਨੂੰ ਸਾਂਝੇ ਤੌਰ ਤੇ ਕੇਵਲ ਇੱਕ ਹੀ ਲਿਖਤੀ ਟੈਸਟ ਲਿਆ ਗਿਆ ਸੀ। ਮਿਤੀ 02.04.2018 ਨੂੰ ਜਾਰੀ ਕੀਤੀ ਗਈ ਜਨਤਕ ਸੂਚਨਾ ਰਾਹੀਂ ਸੂਚਿਤ ਕੀਤਾ ਗਿਆ ਸੀ ਕਿ ਜਿਨ੍ਹਾਂ ਉਮੀਦਵਾਰਾਂ ਵਲੋਂ ਉਕਤ ਦੋਵੇਂ ਆਸਾਮੀਆਂ ਲਈ ਅਪਲਾਈ ਕੀਤਾ ਹੋਇਆ ਹੈ, ਉਨ੍ਹਾਂ ਦਾ ਦੋਵੇਂ ਆਸਾਮੀਆਂ ਲਈ ਕੇਵਲ ਇੱਕ ਹੀ ਲਿਖਤੀ ਟੈਸਟ ਲਿਆ ਜਾਵੇਗਾ ਅਤੇ ਅਜਿਹੇ ਉਮੀਦਵਾਰਾਂ ਨੂੰ ਮੈਰਿਟ ਅਨੁਸਾਰ ਦੋਵੇਂ ਆਸਾਮੀਆਂ ਲਈ ਵਿਚਾਰਿਆ ਜਾਵੇਗਾ। ਦੋਵੇਂ ਆਸਾਮੀਆਂ ਲਈ ਅਪਲਾਈ ਕਰਨ ਵਾਲੇ ਉਮੀਦਵਾਰਾਂ ਨੂੰ ਕੇਵਲ ਇੱਕ ਹੀ ਐਡਮਿਟ ਕਾਰਡ ਜਾਰੀ ਕੀਤਾ ਗਿਆ ਸੀ, ਪਰੰਤੂ ਕੁੱਝ ਉਮੀਦਵਾਰਾਂ ਨੂੰ ਤਕਨੀਕੀ ਕਾਰਨਾਂ ਕਰਕੇ ਦੋਵੇਂ ਆਸਾਮੀਆਂ ਲਈ ਵੱਖਰੇ-2 ਐਡਮਿਟ ਕਾਰਡ ਜਾਰੀ ਹੋ ਗਏ ਸਨ। ਉਮੀਦਵਾਰ ਇੰਦਰਬੀਰ ਸਿੰਘ ਪੁੱਤਰ ਜਸਵੰਤ ਸਿੰਘ ਨੇ ਐਪਲੀਕੇਸਨ ਨੰ: PSSSBC01037358 ਰਾਹੀਂ ਆਬਕਾਰੀ ਤੇ ਕਰ ਨਿਰੀਖਕ ਦੀ ਆਸਾਮੀ ਲਈ ਆਮ ਸ੍ਰੇਣੀ ਵਿੱਚ ਅਤੇ ਐਪਲੀਕੇਸਨ ਨੰ: PSSSBC01001891 ਰਾਹੀਂ ਚੋਣ ਕਾਨੂੰਨਗੋ ਦੀ ਆਸਾਮੀ ਲਈ ਸਪੋਰਟ(ਜਨਰਲ) ਸ੍ਰੇਣੀ ਵਿੱਚ ਅਪਲਾਈ ਕੀਤਾ ਗਿਆ ਸੀ ਅਤੇ ਉਸ ਨੂੰ ਦੋਵੇਂ ਆਸ਼ਾਮੀਆਂ ਲਈ ਦੋ ਵੱਖਰੇ-ਵੱਖਰੇ ਐਡਮਿਟ ਕਾਰਡ ਜਾਰੀ ਹੋ ਗਏ ਸਨ। ਉਮੀਦਵਾਰ ਆਬਕਾਰੀ ਤੇ ਕਰ ਨਿਰੀਖਕ ਦੀ ਆਸਾਮੀ ਲਈ ਜਾਰੀ ਰੋਲ ਨੰ: 703555 ਉਪਰ ਪ੍ਰੀਖਿਆ ਵਿੱਚ ਹਾਜਰ ਹੋਇਆ ਸੀ ਅਤੇ ਉਸ ਨੂੰ ਉਸ ਦੀ ਮੈਰਿਟ ਅਨੁਸਾਰ ਇਸ ਆਸਾਮੀ ਦੀ ਮੈਰਿਟ ਸੂਚੀ ਵਿੱਚ ਸਾਮਿਲ ਕਰ ਲਿਆ ਗਿਆ ਸੀ। ਉਮੀਦਵਾਰ ਵਲੋਂ ਦਿੱਤੀ ਗਈ ਪ੍ਰਤੀਬੇਨਤੀ ਨੂੰ ਵਿਚਾਰਨ ਉਪਰੰਤ ਅਤੇ ਦਫਤਰੀ ਰਿਕਾਰਡ ਦੇ ਆਧਾਰ ਤੇ ਉਸ ਨੂੰ ਮੈਰਿਟ ਅਨੁਸਾਰ ਚੋਣ ਕਾਨੂੰਨਗੋ ਦੀ ਆਸਾਮੀ ਲਈ ਓਪਨ ਮੈਰਿਟ ਸੂਚੀ ਵਿੱਚ ਲੜੀ ਨੰ: 1094-ਏ ਅਤੇ ਸਪੋਰਟਸ (ਜ) ਮੈਰਿਟ ਸੂਚੀ ਵਿੱਚ ਲੜੀ ਨੰ: 23-ਏ ਤੇ ਦਰਜ ਕੀਤਾ ਜਾਂਦਾ ਹੈ।

ਸਹੀ/-

ਮਿਤੀ: 18.06.2018

ਸਕੱਤਰ
ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ।